## Cholamandalam Investment and Finance Company Limited

Chola — Enter a better life

**Corporate Office:** No.2, Dare House, 1st Floor, NSC Bose Road, Chennai – 600 001.
**Branch Office :** Ground Floor, 2907-C-10-1, Main Bathinda-Goniana Gt Road, Near Hanuman Chowk, Bathinda, Punjab-151001
Mobile No:- 9463533131

**PUBLIC NOTICE FOR AUCTION CUM SALE** (To be treated as notice u/s 8(6))

Pursuant to taking possession of the secured asset mentioned hereunder by the Authorized Officer of Cholamandalam Investment and Finance Company Limited, under the **Securitisation and Reconstruction of Financial Assets and Enforcement of Security Interest Act, 2002** for the recovery of amount due from borrower/s, offers are invited by the undersigned in sealed covers for purchase of immovable property, as described hereunder, which is in the Possession on, **'As is where is basis' 'As Is What Is Basis' and 'Whatever Is There Is Basis'** particulars of which are given below:-

| S.N. | Borrower(s) / Co-Borrower(s) | Demand Notice Date and Amount | Description of the Immovable property | Reserve Price | Earnest Money Deposit | Total Loan Outstanding as on 19.06.2016 | Type of Possession |
|---|---|---|---|---|---|---|---|
| 1. | (Loan Account No. **X0HEBAT00000881452** **Bathinda** Branch) Bhagwan Dass Goyal (Borrower) Harish Goyal, M/s Bhagwan Dass Goyal Glass Works (Co-Borrower) All are having address for communication at :- H.NO-4067 JAURA STREET, NEAR CP OFFICE, ARYA SAMAJ CHOWK, BATHINDA - 151001. Also At:- H.NO-4068 JARURA STREET, NEAR CP OFFICE ARYA SAMAJ CHOWK,BATHINDA – 151001. Also At:- GREEN WELL MARKET OPP. SABZI MANDI MARKET, GRAIN MARKET ROAD, BATHINDA -151001. | **30.09.2016** **Rs.2,46,06,254.29** [Rupees Two Crore Forty Six Lakh(s) Six Thousand Two Hundred Fifty Four And Paise Twenty Nine Only], | **Property No.1:** House having MC No. 4067 measuring 102 sq. yards. Gurudwara Street and Gurudwara Road, Bathinda, (Sale Deed No.3252 dated 01.09.1997) Teshil & District Bathinda – 151 001 bounded on North – Bimla Devi's Property, South – Kharatti Lal's property, East – Street, West – Rajaram's Property. **Property No.2:** MC No. 4068 measuring 162 sq. yards. Gurudwara Street and Gurudwara Road, Bathinda, (Sale Deed No.3253 dated 01.09.1997) Teshil & District Bathinda –151 001 bounded on North – Devan Chand's Property, South – Bagavan Das's property, East – Street, West – Bimladevi's Property. Total built up area of 4594 sq.ft | **Rs.1,45,00,000/-** [Rupees One Crore Forty five Lakh(s) only] | **Rs.14,50,000/-** [Rupees Fourteen Lakh(s) Fifty Thousand only] | **Rs.2,46,06,254.29** [Rupees Two Crore Forty Six Lakh(s) Six Thousand Two Hundred Fifty Four And Paise Twenty Nine Only], as on 19.09.2016 + further interest till realization of payment | **Physical** |

**TERMS AND CONDITIONS OF AUCTION**

**1). Last Date of Submission of Sealed Bid/Offer in the prescribed tender forms along with EMD and KYC of is 04.12.2020 within 5.30 Pm at the Branch Office:-** Ground Floor, 2907-C-10-1, Main Bathinda-Goniana Gt Road, Near Hanuman Chowk, Bathinda, Punjab-151001 **mentioned herein.Tendres that are not filled up or Tenders received beyond last date wiil be considered as invalid tender and shall accordingly be rejected. No interest shall be paid on the EMD.**

**2. Date of Opening of the Bid/Offer (Auction Date) for Property is 07.12.2020 at the above mentioned branch office address at 10.00 A.M. The tender will be opened in the presence of the Authorised Officer.**

**3. Date of Inspection of the Immovable Property is on 26.11.2020 between 10.00 am to 3.30 pm.**

**4. Further Interest will be charged as applicable, as per the Loan Agreement on the amount outstanding in the notice and incidental expense, costs, etc., is due and payable till its realization.**

**5. The notice is hereby given to the Borrower/s and Co-Borrower/s, to remain present personally at the time of Acution and they can bring the intending buyers/purchasers for purchasing the immovable property as described herein above, as per the particulars of Terms and Conditions of Sale.**

**6.The Borrower(s)/Co-Borrower(s) are hereby given 30 DAYS SALE UNDER THE SARFAESI ACT, 2002 to pay the sum mentioned as above before the date of Auction falling which the immovable property will be auctioed and balance, if any will be recovered with interest and costs. If the Borrower pays the amount due to Cholamandalam Investment and Finance Company Limited, in full before the date of sale, auction is liable to be stopped.**

**7. The detail terms and conditions of the auction sale are incorporated in the prescribed tender form. Tender forms are available at the above mntioned branch office.**

**8. The Immovable property will be sold th the highest tenderer. However the Authorised Officer reserves the absolute discretion to allow inter se bidding, if deemed necessary. The property as mentioned will not be sold below Reserve Price.**

**9.Cholamandalam Investment and Finance Company Limited is not responsible for any liabilities whatsoever pending upon the property as mentioned above. The property shall be auctioned on 'As is Where is Basis', ;As is What is Basis', and 'Whatever is There is Basis.**

**10.The Total Loan Outstanding amount is not the loan foreclosure amount. All other charges (if any) shall be calculated at the time of closure of the loan.**

**11.The Demand Draft Should be made in favor of 'Cholamandalam Investment and Finance Company Limited'Only.**

**For further details, contact the Authorised Officer, at the above mentioned Office address.**

**Place:** Bathinda **Date : 04-11-2020**

Sd/-
**Authorised Officer**
**Cholamandalam Investment and Finance Company Limited**

## STURDY INDUSTRIES LTD.

**Regd. Office: - 21, INDUSTRIAL AREA, BADDI, HIMACHAL PRADESH-173205**
**Tel:01792-232570, 232863-64, Fax:232770,**
**Email:-legalsturdy@gmail.com**
**Website:- www.sturdyindustries.com,**
**CIN no. L25209HP1989PLC009557**

**NOTICE**

Notice is hereby given that pursuant to the Provisions of Section 173 of The Companies Act 2013 and Regulations of the SEBI (Listing Obligations and Disclosure Requirements) Regulations, 2015, a meeting of the Board of Directors of the Company will be held at the Corporate office i.e 55-57, Industrial Area, Sector-1, Parwanoo, HP, on **Friday, 13th Day of November 2020 at 11:00 A.M.** to consider and approve the Unaudited financial results for the Quarter/half year ended on 30th September, 2020.

**For Sturdy Industries Limited**
*Sd/-* **(Gurwinder Singh)**
Dated: 03.11.2020 **Company Secretary**

## MOLIND ENGINEERING LIMITED

**A-7, Phase-3, Industrial Estate, S.A.S. Nagar, Mohali-160055, Punjab.**
**Ph.: 0172-2225628, CIN: L29199PB1960PLC008893**
**Website: www.molindengineering.co.in Email: moielmhl@gmail.com**

**NOTICE**

Notice is hereby given that pursuant to regulation 29, 33 and 47 of the SEBI (Listing Obligations and Disclosure Requirements) Regulations, 2015 that the meeting of Board of Directors of the Company will be held on Thursday, 12th day of November, 2020 at 04:30 P.M. at the registered office of the Company, inter alia, to consider, approve and take on record Unaudited Financial Result along with the Statement of Assets and Liabilities, Cash Flow Statement and Limited Review Report for the quarter and half year ended on 30th September, 2020.

The said notice is also available on the website of the Company at www.molindengineering.co.in and on the website of the Stock Exchange at www.msei.in.

**Date : 03.11.2020**
**Place : Mohali (PB)**

For **Molind Engineering Limited**
Sd/-
Bhupinder Singh
Managing Director
**DIN: 00176255**

## KOTAK MAHINDRA BANK LIMITED

kotak — Kotak Mahindra Bank

**ONLINE E-AUCTION SALE OF ASSET**

**Registered Office: 27 BKC, C-27, G-Block, Bandra Kurla Complex, Bandra (E), Mumbai, Maharashtra, Pin Code - 400 051**
**Branch Office: SCO 153-154-155, 2nd Floor, Sector 9-C, Chandigarh - 160 009**

**SALE NOTICE FOR SALE OF IMMOVABLE PROPERTIES**

**E-Auction Sale Notice** for Sale of Immovable Assets under the Securitisation and Reconstruction of Financial Assets and Enforcement of Security Interest Act, 2002 under Rule 8(5) read with Proviso to Rule 9(1) of the Security Interest (Enforcement) Rule, 2002.

Notice is hereby given to the public in general and in particular to the Borrower(s) and Guarantor(s) that the below described Immovable Property mortgaged / charged to the secured creditor, the **Physical Possession** of which has been taken by the Authorised Officer of **KOTAK MAHINDRA BANK LIMITED** on **06.08.2019**, in pursuance to the Order Dt. **26.03.2019** passed under 14 of the SARFAESI Act, 2002, in execution proceedings filed against the Borrower(s) will be sold on **"AS IS WHERE IS", "AS IS WHAT IS"** and **"WHATEVER THERE IS"** on **23.11.2020**, between **11:00 a.m. to 12:00 Noon** with unlimited extension of 5 minutes, for recovery of **Rs. 25,45,444/-** outstanding as on **29.10.2020** alongwith interest applicable from **08.10.2020** till realization, under the Loan Account No. 15817915 due to the **KOTAK MAHINDRA BANK LIMITED**, secured creditor from **Mr. Mahesh Kumar Verma and Mrs. Heena Tuli**, the **Reserve Price** will be **Rs. 6,75,000/- (Rupees Six Lakh Seventy Five Thousand only)** and the **Earnest Money Deposit** will be **Rs. 67,500/- (Rupees Sixty Seven Thousand Five Hundred only)** & **Last Date for Submission of EMD with KYC** is **21.11.2020 upto 5:00 p.m. (IST)**.

**Property Description:-** All that piece & parcel of property measuring 100 sq. yards bearing House No. 1105, comprised in Khasra No. 1/13/10, 18/1/7, Block No. 11, Abadi Milap Nagar, Patti Mehar, Tehsil & Distt. Ambala, bearing Wasika No. 4753 dated 27.02.2009. **Property bounded as:- East:** House Another Owner, 15'; **West:** 12' Wide Street, 15'; **North:** House Khushbaksh, 60'; **South:** House Seller himself, 60'.

Public in general and Borrowers in particular please take notice that if in case auction scheduled herein fails for any reason whatsoever then secured creditor may enforce security interest by way of sale through private treaty. In case of any clarification / requirement regarding assets under sale, bidder may contact **Mr. Neeraj Kumar (+91-9115996497 / 9717273504) & Mr. Ravinder Godara (+91-9983999074), Mr. Rajender Dahiya (+91-8448264515), Mr. Akash Saxena (+91-8860001910).** For detailed terms and conditions of the sale, please refer to the link **https://www.kotak.com/en/bank-auctions.html** provided in **Kotak Mahindra Bank** website i.e. **www.kotak.com** and/or on **https://kotakbank.auctiontiger.net**.

**Date: 03.11.2020** **Place: Ambala**

**AUTHORIZED OFFICER**
**Kotak Mahindra Bank Limited**




# ਜੀਵਨ ਅਮਲ ਤੇ ਸਿਧਾਂਤਾਂ ’ਚ ਪਾੜੇ ਨੇ ਸਿੱਖ ਰਾਜਨੀਤੀ ਨੂੰ ਪ੍ਰਸੰਗਹੀਣ ਬਣਾਇਆ

**ਇਬਲੀਸ, ਜਲੰਧਰ**

ਸਿੱਖਾਂ ਉੱਪਰ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸੰਕਟ ਦਾ ਕਾਰਨ ਸਾਡੇ ਜੀਵਨ ਅਮਲ ਤੇ ਸਿਧਾਂਤਾਂ ’ਚ ਆਇਆ ਵੱਡਾ ਪਾੜਾ ਹੈ। ਸਾਡੀ ਜੀਵਨ ਤਰਜ ਗੁਰੂ ਸਾਹਿਬਾਨ ਵੱਲੋਂ 239 ਸਾਲ ਦੀ ਲੰਬੀ ਘਾਲਣਾ ਤੋਂ ਬਾਅਦ ਸਾਨੂੰ ਦਿੱਤੇ ਫ਼ਲਸਫ਼ੇ ਤੋਂ ਕੋਹਾਂ ਦੂਰ ਹੋ ਚੁੱਕੀ ਹੈ। ਇਹੀ ਕਾਰਨ ਹੈ ਕਿ ਸਿੱਖ ਨੌਜਵਾਨ ਸਿੱਖੀ ਨੂੰ ਤਿਲਾਂਜਲੀ ਦੇ ਰਹੇ ਹਨ। ਸਿੱਖ ਰਾਜਨੀਤੀ ਪ੍ਰਸੰਗਹੀਣ ਹੁੰਦੀ ਜਾ ਰਹੀ ਹੈ ਤੇ ਧਰਮ ਦੇ ਅਧੀਨ ਰਾਜਨੀਤੀ ਵਾਲਾ ਫ਼ਲਸਫ਼ਾ ਲੋਪ ਹੋ ਰਿਹਾ ਹੈ। ਇਹ ਗੱਲਾਂ ਸਿੱਖ ਰਾਜਨੀਤੀ ਅਤੇ ਸਿੱਖ ਇਤਿਹਾਸ ਉੱਪਰ ਡੂੰਘੀ ਪਕੜ ਰੱਖਣ ਵਾਲੇ ਸਿੱਖ ਵਿਦਵਾਨ ਤਲਵਿੰਦਰ ਸਿੰਘ ਬੁੱਟਰ ਨੇ ‘ਪੰਜਾਬੀ ਜਾਗਰਣ’ ਨਾਲ ਇਕ ਮੁਲਾਕਾਤ ਦੌਰਾਨ ਆਖੀਆਂ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦਾ ਆਦਰਸ਼ ਪੂਰਨ ਮਨੁੱਖ ਤੇ ਸਚਿਆਰ ਸਿੱਖ ਦੀ ਸਿਰਜਣਾ ਕਰਨਾ ਸੀ ਪਰ ਅਜੋਕਾ ਸਿੱਖ ਸਮਾਜ ਨੈਤਿਕ ਪਤਨ ਵੱਲ ਜਾ ਰਿਹਾ ਹੈ। ਸਿਧਾਂਤ ਤੋਂ ਦੂਰ ਹੋਣ ਕਾਰਨ ਨਿਰਾਸ਼ਾ ਇਸ ਕਦਰ ਛਾਈ ਹੋਈ ਹੈ ਕਿ ਜੀਵਨ ਦਾ ਕੋਈ ਵੀ ਖੇਤਰ ਹੋਵੇ ਅਜੋਕੇ ਸਿੱਖ ਭਗੌੜੇ ਹੋ ਰਹੇ ਹਨ। ਕਿਰਤ ਤੋਂ ਬੇਮੁੱਖ ਹੋਣ ਤੇ ਵਿਰਾਸਤੀ ਸਵੈਮਾਣ ਵਾਲੀ ਜੀਵਨ ਜਾਚ ਨੂੰ ਤਿਲਾਂਜਲੀ ਦੇਣ ਦਾ ਸਦਕਾ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਹਿਜਰਤ ਕਰ ਰਹੀ ਹੈ। ਬੇਸ਼ੱਕ ਪਰਵਾਸ ਦਾ ਮਨੁੱਖ ਨਾਲ ਆਦਿਕਾਲ ਤੋਂ ਸਬੰਧ ਰਿਹਾ ਹੈ ਪਰ ਸਿੱਖਾਂ ਦਾ ਪਰਵਾਸ ਆਪਣੀ ਜਨਮ ਭੋਇੰ ਪ੍ਰਤੀ ਬੇਰੁਖੀ ਤੇ ਹੀਣਭਾਵਨਾ ਦੀ ਉਪਜ ਵਧੇਰੇ ਜਾਪਦਾ ਹੈ, ਜਿਸ ਦੇ ਨਤੀਜੇ ਆਉਂਦੇ ਸਮੇਂ ਵਿਚ ਭਿਆਨਕ ਨਿਕਲਣਗੇ।

ਉਨ੍ਹਾਂ ਕਿਹਾ ਕਿ ਸਿੱਖ ਰਾਜਨੀਤੀ ਸਿਧਾਂਤਾਂ ਤੋਂ ਦੂਰ ਹੋਣ ਕਾਰਨ ਪੰਥਕ ਤੇ ਕੌਮੀ ਦ੍ਰਿਸ਼ ਵਿਚ ਪ੍ਰਸੰਗਹੀਣ ਹੋ ਰਹੀ ਹੈ। ਇਖਲਾਕ-



ਤਲਵਿੰਦਰ ਸਿੰਘ ਬੁੱਟਰ।

ਹੀਣਤਾ ਤੇ ਨੈਤਿਕ ਪਤਨ ਸਾਡੇ ਰਾਜਨੀਤਕ ਆਗੂਆਂ ਵਿਚ ਜਿਸ ਤੇਜ਼ੀ ਨਾਲ ਹੋ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਕੁਝ ਸਮੇਂ ਬਾਅਦ ਉਹ ਸ਼ਾਨਾਮੱਤਾ ਤੇ ਬੁਲੰਦ ਕਿਰਦਾਰ ਵਾਲਾ

**ਪ੍ਰਗਟਾਵਾ**

- **ਅਜੋਕਾ ਸਿੱਖ ਸਮਾਜ ਇਖ਼ਲਾਕੀ ਪਤਨ ਵੱਲ ਜਾ ਰਿਹੈ : ਬੁੱਟਰ**
- **ਸੁਚੱਜਾ ਰਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਗ਼ੈਰ ਕੋਈ ਨਹੀਂ ਦਿਖਾ ਸਕਦਾ**

ਇਤਿਹਾਸ, ਜਿਸ ਨੂੰ ਗੁਰੂ ਸਾਹਿਬਾਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਤੇ ਹਰੀ ਸਿੰਘ ਨਲੂਏ ਵਰਗੇ ਕੌਮੀ ਜਰਨੈਲਾਂ ਨੇ ਸਿਰਜਿਆ ਸੀ, ਆਪਣੇ ਅਰਥ ਗੁਆ ਲਵੇਗਾ। ਕਿਸੇ ਵੇਲੇ ਇਕ ਸਿੱਖ ਕੋਲੋਂ ਘਾਹ ਦੀ ਪੰਡ ਵੀ ਜਹਾਂਗੀਰ ਵਰਗਾ ਬਾਦਸ਼ਾਹ ਨਹੀ ਸੀ ਖ਼ਰੀਦ ਸਕਿਆ ਪਰ ਅੱਜ ਸਾਡੇ ਰਾਜਨੀਤਕ ਤਾਣੇ-ਬਾਣੇ ਨੇ ਸਿੱਖਾਂ ਨੂੰ ਖ਼ੈਰਾਤ ਦੇ ਆਟੇ-ਦਾਲ ਦਾ ਮੁਥਾਜ ਬਣਾ ਦਿੱਤਾ ਹੈ, ਇਹੀ ਕਾਰਨ ਹੈ ਕਿ ਇਕ ਵੱਡੇ ਪ੍ਰਸੰਗ ਵਿਚ ਸਿੱਖ ਸੰਸਥਾਵਾਂ ਆਪਣੇ ਅੰਦਰ ਸਿਫ਼ਤੀ ਤਬਦੀਲੀਆਂ ਨਹੀਂ ਲਿਆ ਸਕੀਆਂ। ਮੈਂ ਸਮਝਦਾ ਹਾਂ ਕਿ ਸਿੱਖ ਸੰਸਥਾਵਾਂ ਨੂੰ ਮੁੜ ਬੁਲੰਦੀ ਵੱਲ ਲਿਜਾਣ ਤੋਂ ਪਹਿਲਾਂ ਸਿੱਖਾਂ ਦੀ ਧਾਰਮਿਕ ਜੀਵਨ ਜਾਚ ਨੂੰ ਉੱਚਾ ਚੁੱਕਣਾ ਬਹੁਤ ਜਰੂਰੀ ਹੈ ਕਿਉਂਕਿ ਧਰਮ ਵਿਚ ਹੀ ਨੈਤਿਕਤਾ ਨੇ ਜਲਵਾਗਰ ਹੋਣਾ ਹੁੰਦਾ ਹੈ।

ਸਮਾਜ ਵਿਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਬਾਰੇ ਸ੍ਰੀ ਬੁੱਟਰ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਸਾਨੂੰ ਨਸ਼ਿਆਂ ਤੋਂ ਸਖ਼ਤੀ ਨਾਲ ਵਰਜਿਆ ਹੈ। ਪਿਛਲੇ ਸਮੇਂ ਦੌਰਾਨ ਵੇਖਣ ਨੂੰ ਮਿਲਿਆ ਹੈ ਕਿ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਨਸ਼ਿਆਂ ਦੇ ਜਾਇਜ਼-ਨਾਜਾਇਜ਼ ਵਪਾਰ ’ਚ ਸ਼ਾਮਲ ਹਨ, ਜੋ ਬਹੁਤ ਸ਼ਰਮਨਾਕ ਵਰਤਾਰਾ ਹੈ। ਇਸ ਵਰਤਾਰੇ ਵਿਚ ਤਦ ਹੀ ਸੁਧਾਰ ਆ ਸਕਦਾ ਹੈ ਜਦੋਂ ਸਿੱਖਾਂ ਦੇ ਧਾਰਮਿਕ ਆਗੂ ਆਪਣੀਆਂ ਇਖਲਾਕੀ ਜ਼ਿੰਮੇਵਾਰੀਆਂ ਨੂੰ ਸਹੀ ਅਰਥਾਂ ’ਚ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਸਿੱਖ ਸਿਧਾਂਤਾਂ ਤੋਂ ਬੇਮੁੱਖ ਹੋਈ ਸਿੱਖ ਲੀਡਰਸ਼ਿਪ ਵਿੱਚੋਂ ਆਪਣਾ ਆਗੂ ਲੱਭਣ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਆਗੂ ਜਾਣ ਕੇ ਆਪਣੇ ਬੌਧਿਕ ਵਿਕਾਸ ਤੇ ਵਿਗਾਸ ਉੱਤੇ ਜ਼ੋਰ ਦੇਣ। ਸਿੱਖ ਸਿਧਾਂਤ, ਇਤਿਹਾਸ ਤੇ ਪ੍ਰੰਪਰਾਵਾਂ ਤੋਂ ਸੁਚੱਜੀ ਅਗਵਾਈ ਲੈਂਦਿਆਂ ਗੁਰੂ ਸਾਹਿਬਾਨ ਦੇ ਸਰਬ ਸਾਂਝੀਵਾਲਤਾ ਤੇ ਸੇਵਾ ਦੇ ਸੰਕਲਪ ਨੂੰ ਦੁਨੀਆ ਦੇ ਸਾਹਮਣੇ ਰੂਪਮਾਨ ਕਰਨ ਕਿਉਂਕਿ ਅੱਜ ਪੱਛਮ ਦੀ ਆਰਥਿਕ, ਰਾਜਨੀਤਿਕ ਤੇ ਸਮਾਜਿਕ ਵਿਵਸਥਾ ਤੋਂ ਨਿਰਾਸ਼ ਹੋ ਕੇ ਸਮੁੱਚੀ ਦੁਨੀਆ ਜੀਵਨ ਦੇ ਇਕ ਸੁਚੱਜੇ ਤੇ ਨਵੇਂ ਰਾਹ ਦੀ ਭਾਲ ’ਚ ਹੈ ਅਤੇ ਸਾਡਾ ਵਿਸ਼ਵਾਸ ਹੈ ਕਿ ਇਹ ਰਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਗ਼ੈਰ ਹੋਰ ਕੋਈ ਨਹੀ ਦਿਖਾ ਸਕਦਾ।

# ਪਾਵਰਕਾਮ ਨੂੰ ਨਾ ਮਿਲੀ ਸਬਸਿਡੀ ਤੇ ਨਾ ਹੀ ਹਾਸਲ ਹੋਈ ਗ੍ਰਾਂਟ

**ਸਟਾਫ ਰਿਪੋਰਟਰ, ਪਟਿਆਲਾ :** ਪੰਜਾਬ ਰਾਜ ਬਿਜਲੀ ਨਿਗਮ (ਪਾਵਰਕਾਮ) ਨੂੰ ਨਾ ਤਾਂ ਸਰਕਾਰ ਵੱਲੋਂ ਸਬਸੀਡੀ ਦੀ ਅਦਾਇਗੀ ਕੀਤੀ ਗਈ ਹੈ ਤੇ ਨਾ ਹੀ ਮੌਜੂਦਾ ਸਮੇਂ ’ਚ ਗ੍ਰਾਂਟ ਦਿੱਤੀ ਗਈ ਹੈ। ਫ਼ਿਲਹਾਲ ਕੋਲੇ ਦੀ ਘਾਟ ਕਾਰਨ ਤਾਪ ਘਰ ਠੰਢੇ ਹੋ ਚੁੱਕੇ ਹਨ ਤੇ ਬਾਹਰੋਂ ਬਿਜਲੀ ਖ਼ਰੀਦਣ ਲਈ ਪਾਵਰਕਾਮ ਵੱਲੋਂ ਹੋਰ ਕਰਜ਼ਾ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕੋਲਾ ਸੰਕਟ ਕਰ ਕੇ ਪਾਵਰਕਾਮ ਨੂੰ ਸੂਬਾ ਸਰਕਾਰ ਤੋਂ 200 ਕਰੋੜ ਦੀ ਗ੍ਰਾਂਟ ਤੇ ਖੇਤੀਬਾੜੀ ਸੈਕਟਰ ਨੂੰ ਵਿਸ਼ੇਸ਼ ਦਰ ’ਤੇ ਬਿਜਲੀ ਦੇਣ ਬਦਲੇ ਮਿਲਣ ਵਾਲੀ 1317 ਕਰੋੜ ਰੁਪਏ ਦੀ ਅਦਾਇਗੀ ਵੀ ਨਹੀਂ ਕੀਤੀ ਗਈ ਹੈ। ਇਹ ਰਾਸ਼ੀ ਸਰਕਾਰ ਵੱਲੋਂ ਬੀਤੀ ਅਗਸਤ ਵਿਚ ਜਾਰੀ ਕੀਤੀ ਜਾਣੀ ਸੀ ਪਰ ਦੋ ਮਹੀਨੇ ਬੀਤਣ ’ਤੇ ਵੀ ਨਹੀਂ ਮਿਲ ਸਕੀ ਹੈ। ਮਾਲ ਗੱਡੀਆਂ ਦੀ ਆਵਾਜਾਈ ਠੱਪ ਹੋਣ ਦੇ ਚੱਲਦਿਆਂ ਕੋਲੇ ਦੀ ਘਾਟ ਦਾ ਸੰਕਟ ਝੱਲ ਰਹੇ ਸੂਬੇ ਦੇ ਥਰਮਲ ਪਲਾਂਟਾਂ ’ਚ ਪੈਦਾਵਾਰ ਨਾ ਬਰਾਬਰ ਹੋਣ ’ਤੇ ਪਾਵਰਕਾਮ ਨੂੰ ਬਾਹਰੀ ਕੰਪਨੀਆਂ ਤੋਂ ਬਿਜਲੀ ਖ਼ਰੀਦਣੀ ਪੈ ਰਹੀ ਹੈ। ਇਹ ਖ਼ਰੀਦ ਰੋਜ਼ਾਨਾ ਕਰੀਬ ਪੰਜ ਕਰੋੜ ਰੁਪਏ ਤੋਂ ਵੱਧ ਦੀ ਹੈ।

ਪਾਵਰਕਾਮ ਦਾ ਮੌਜੂਦਾ ਵਿੱਤੀ ਸਾਲ ’ਚ ਖੇਤੀਬਾੜੀ ਖੇਤਰ ਨੂੰ ਵਿਸ਼ੇਸ਼ ਛੋਟ ਦੇਣ ਬਦਲੇ ਸੂਬਾ ਸਰਕਾਰ ਵੱਲ 5697 ਕਰੋੜ ਰੁਪਏ ਦਾ ਭੁਗਤਾਨ ਬਾਕੀ ਹੈ। ਦੂਸਰੇ ਪਾਸੇ ਪਾਵਰਕਾਮ ਵੱਲੋਂ ਮੰਗੀ ਗਈ 200 ਕਰੋੜ ਰੁਪਏ ਦੀ ਗ੍ਰਾਂਟ ਨੂੰ ਲੈ ਕੇ ਵੀ ਸੂਬਾ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ ਹੈ। ਪਾਵਰਕਾਮ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਏ. ਵੇਨੂੰ ਪ੍ਰਸ਼ਾਦ ਨੇ ਕਿਹਾ ਕਿ ਉਨ੍ਹਾਂ ਨੇ ਤਾਂ ਆਪਣੀ ਮੰਗ ਰੱਖੀ ਹੈ ਪਰ ਵਿੱਤ ਵਿਭਾਗ ਤੋਂ ਜਵਾਬ ਮਿਲਿਆ ਹੈ ਕਿ ਕੇਂਦਰ ਤੋਂ ਮੁਆਵਜ਼ਾ ਸੈੱਸ ਨਹੀਂ ਮਿਲਿਆ। ਇਸ ਕਾਰਨ ਇਹ ਗ੍ਰਾਂਟ ਜਾਰੀ ਨਹੀਂ ਕੀਤੀ ਜਾ ਸਕਦੀ।

# ਫ਼ਰਜ਼ੀ ਜ਼ਮਾਨਤੀਆਂ ਦਾ ਗਿਰੋਹ ਕੀਤਾ ਬੇਨਕਾਬ, 7 ਗ੍ਰਿਫ਼ਤਾਰ

## ਕਾਬੂ ਕੀਤੇ ਮੁਲਜ਼ਮਾਂ ’ਚ ਬਜ਼ੁਰਗ ਤੇ ਔਰਤਾਂ ਵੀ ਸ਼ਾਮਲ

**ਰਾਕੇਸ਼ ਗਾਂਧੀ, ਜਲੰਧਰ**

ਥਾਣਾ ਬਾਰਾਂਦਰੀ ਦੀ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਕਾਰਵਾਈ ਕਰਦਿਆਂ ਕਚਹਿਰੀ ਚੌਕ ਨੇੜਿਓਂ ਅਦਾਲਤਾਂ ’ਚ ਫ਼ਰਜ਼ੀ ਦਸਤਾਵੇਜ਼ਾਂ ’ਤੇ ਮੁਲਜ਼ਮਾਂ ਦੀਆਂ ਜ਼ਮਾਨਤਾਂ ਦੇਣ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ 7 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਵੱਡੀ ਗਿਣਤੀ ’ਚ ਫ਼ਰਜ਼ੀ ਦਸਤਾਵੇਜ਼ ਬਰਾਮਦ ਹੋਏ ਹਨ।

ਜਾਣਕਾਰੀ ਦਿੰਦੇ ਹੋਏ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਥਾਣਾ ਬਾਰਾਂਦਰੀ ਦੇ ਮੁਖੀ ਇੰਸਪੈਕਟਰ ਰਵਿੰਦਰ ਕੁਮਾਰ ਨੂੰ ਸੂਚਨਾ ਮਿਲੀ ਸੀ ਕਿ ਕਚਹਿਰੀ ਚੌਕ ਨੇੜੇ ਚਾਂਦ ਫੋਟੋ ਸਟੇਟ ਨਾਂ ਦੀ ਦੁਕਾਨ ਦੇ ਬਾਹਰ ਅਦਾਲਤਾਂ ’ਚ ਫ਼ਰਜ਼ੀ ਦਸਤਾਵੇਜ਼ਾਂ ’ਤੇ ਜ਼ਮਾਨਤਾਂ ਦੇਣ ਵਾਲੇ ਗਿਰੋਹ ਦੇ ਮੈਂਬਰ ਤਰਲੋਕ ਸਿੰਘ, ਗੁਰਮੇਲ ਸਿੰਘ, ਹਰਬੰਸ ਸਿੰਘ, ਬਲਵੀਰ ਸਿੰਘ, ਵਿਜੇ ਕੁਮਾਰ, ਸੰਦੀਪ ਸਿੰਘ, ਜਸਵਿੰਦਰ ਕੌਰ ਸਾਰੇ ਵਾਸੀ ਧਰਮਕੋਟ ਗਾਹਕਾਂ ਦੀ ਭਾਲ ਕਰ ਰਹੇ ਹਨ। ਪੁਲਿਸ ਨੇ ਕਾਰਵਾਈ ਕਰਦਿਆਂ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ’ਚੋਂ ਵੱਡੀ ਗਿਣਤੀ ’ਚ ਫ਼ਰਜ਼ੀ ਦਸਤਾਵੇਜ਼ ਬਰਾਮਦ ਕੀਤੇ। ਮੁਲਜ਼ਮ ਉਕਤ ਫੋਟੋ ਸਟੇਟ ਦੀ ਦੁਕਾਨ ਤੋਂ ਫ਼ਰਜ਼ੀ ਦਸਤਾਵੇਜ਼ ਪ੍ਰਿੰਟ ਕਰਵਾਉਂਦੇ ਸਨ।

ਪੁਲਸ ਕਮਿਸ਼ਨਰ ਨੇ ਦੱਸਿਆ ਉਕਤ ਮੁਲਜ਼ਮ ਫ਼ਰਜ਼ੀ ਦਸਤਾਵੇਜ਼ਾਂ ’ਤੇ ਜ਼ਮਾਨਤਾਂ ਦੇਣ ਤੋਂ ਬਾਅਦ ਇੱਧਰ-ਉਧਰ ਹੋ ਜਾਂਦੇ ਸਨ ਤੇ ਮੁੜ ਨਵੇਂ ਫ਼ਰਜ਼ੀ ਦਸਤਾਵੇਜ਼ ਤਿਆਰ ਕਰ ਲੈਂਦੇ ਸਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਅਦਾਲਤ ’ਚ ਪੇਸ਼ ਕਰ ਕੇ ਉਨ੍ਹਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਪੁੱਛਗਿੱਛ ਕੀਤੀ ਜਾਵੇਗੀ ਕਿ ਉਹ ਹੁਣ ਤਕ ਕਿਹੜੇ-ਕਿਹੜੇ ਮੁਲਜ਼ਮਾਂ ਦੀਆਂ ਫ਼ਰਜ਼ੀ ਦਸਤਾਵੇਜ਼ਾਂ ’ਤੇ ਜ਼ਮਾਨਤਾਂ ਕਰਵਾ ਚੁੱਕੇ ਹਨ।



ਫ਼ਰਜ਼ੀ ਦਸਤਾਵੇਜ਼ਾਂ ਨਾਲ ਫੜੇ ਗਏ ਮੁਲਜ਼ਮਾਂ ਨਾਲ ਥਾਣਾ ਬਾਰਾਂਦਰੀ ਦੇ ਮੁਖੀ ਇੰਸਪੈਕਟਰ ਰਵਿੰਦਰ ਕੁਮਾਰ ਤੇ ਹੋਰ। (ਫੋਟੋ : ਸੋਨੂੰ ਸ਼ਰਮਾ)

# ਸਰਹੱਦ ਤੋਂ ਹੈਰੋਇਨ ਦੇ ਚਾਰ ਪੈਕਟ ਕੀਤੇ ਬਰਾਮਦ

**ਪਰਮਿੰਦਰ ਸਿੰਘ ਥਿੰਦ, ਫਿਰੋਜ਼ਪੁਰ :** ਹਿੰਦ-ਪਾਕਿ ਕੌਮਾਂਤਰੀ ਸਰਹੱਦ ਦੇ ਫਿਰੋਜ਼ਪੁਰ ਸੈਕਟਰ ਤੋਂ ਬੀਐੱਸਐੱਫ ਦੀ ਇਕ ਸੌ ਛੱਤੀ ਬਟਾਲੀਅਨ ਦੇ ਜਵਾਨਾਂ ਨੇ ਪਾਕਿਸਤਾਨ ਤੋਂ ਆਈ ਚਾਰ ਪੈਕਟ ਹੈਰੋਇਨ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਬੀਐੱਸਐੱਫ ਅਫ਼ਸਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਇਨ੍ਹਾਂ ਪੈਕਟਾਂ ਦਾ ਵਜ਼ਨ ਸਵਾ ਦੋ ਕਿੱਲੋ ਬਣਿਆ ਹੈ। ਇਸ ਬਾਰੇ ਬੀਐੱਸਐੱਫ ਅਫ਼ਸਰਾਂ ਨੇ ਦੱਸਿਆ ਕਿ ਇਤਲਾਹ ਮਿਲੀ ਹੋਈ ਸੀ ਕਿ ਸਰਹੱਦ ਪਾਰ ਤੋਂ ਗ਼ੈਰ-ਸਮਾਜੀ ਅਨਸਰਾਂ ਵੱਲੋਂ ਹੈਰੋਇਨ ਭੇਜੇ ਜਾਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਇਸ ’ਤੇ ਬੀਐੱਸਐੱਫ ਨੇ ਜਦੋਂ ਇਲਾਕੇ ਦੀ ਤਲਾਸ਼ੀ ਲਈ ਤਾਂ ਚਾਰ ਪੈਕਟ ਹੈਰੋਇਨ ਦੇ ਬਰਾਮਦ ਕੀਤੇ ਗਏ। ਇਨ੍ਹਾਂ ਪੈਕਟਾਂ ਦਾ ਕੁਲ ਵਜ਼ਨ ਸਵਾ ਦੋ ਕਿੱਲੋ ਸੀ। ਦੱਸਣਯੋਗ ਹੈ ਕਿ ਬੀਐੱਸਐੱਫ ਨੇ ਸਾਲ 2020 ਦੌਰਾਨ ਹੁਣ ਤਕ 456 ਕਿੱਲੋ ਹੈਰੋਇਨ ਤੇ 32 ਹਥਿਆਰ ਬਰਾਮਦ ਕੀਤੇ ਹਨ। ਦੱਸਿਆ ਗਿਆ ਹੈ ਕਿ ਬੀਐੱਸਐੱਫ ਨੇ ਇਸ ਸਾਲ ਦੌਰਾਨ 10 ਪਾਕਿਸਤਾਨੀ ਘੁਸਪੈਠੀਏ ਤੇ 93 ਭਾਰਤੀ ਸਮੱਗਲਰਾਂ ਨੂੰ ਗ੍ਰਿਫਤਾਰ ਕਰਦਿਆਂ 456 ਕਿੱਲੋ ਹੈਰੋਇਨ, ਵੱਖ-ਵੱਖ ਬੋਰ ਦੇ 32 ਹਥਿਆਰਾਂ ਤੋਂ ਇਲਾਵਾ 57 ਮੈਗਜ਼ੀਨ, 6 ਮੋਬਾਈਲ, 10 ਸਿਮ ਕਾਰਡ ਤੇ 650 ਕਾਰਤੂਸ ਬਰਾਮਦ ਕੀਤੇ ਹਨ।

# ਪਾਵਰਕਾਮ ਮੁਲਾਜ਼ਮ ਪਰਿਵਾਰਾਂ ਸਣੇ ਸੜਕਾਂ ’ਤੇ

**ਸਟਾਫ ਰਿਪੋਰਟਰ, ਪਟਿਆਲਾ :** ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮਾਂ ਨੇ ਮੰਗਾਂ ਨੂੰ ਲੈ ਕੇ ਬੱਸ ਅੱਡਾ ਚੌਕ ’ਚ ਧਰਨਾ ਦੇ ਦਿੱਤਾ। ਕਰੀਬ 12 ਵਜੇ ਤੋਂ ਸ਼ੁਰੂ ਹੋਇਆ ਧਰਨਾ ਖ਼ਬਰ ਲਿਖੇ ਜਾਣ ਤਕ ਜਾਰੀ ਸੀ, ਜਿਸ ਕਰਕੇ ਪ੍ਰਮੁੱਖ ਚੌਕ ਵਿਚ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੀ। ਬਾਅਦ ਦੁਪਹਿਰ ਕੁਝ ਪ੍ਰਦਰਸ਼ਨਕਾਰੀ ਚੌਕ ਵਿਚ ਲੱਗੇ ਵੱਡੇ ਯੂਨੀਪੋਲ ’ਤੇ ਵੀ ਚੜ੍ਹ ਗਏ। ਭਾਵੇਂ ਪ੍ਰਸ਼ਾਸਨ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦਾ ਭਰੋਸਾ ਦਿੰਦਾ ਰਿਹਾ ਪਰ ਪ੍ਰਦਰਸ਼ਨਕਾਰੀ ਮੰਗਾਂ ਮੰਨੇ ਜਾਣ ਤਕ ਡਟੇ ਰਹਿਣ ਦੀ ਜ਼ਿਦ ’ਤੇ ਅੜੇ ਰਹੇ।

ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਪਰਿਵਾਰਾਂ ਅਤੇ ਬੱਚਿਆਂ ਸਮੇਤ ਪੰਜਾਬ ਸਰਕਾਰ ਅਤੇ ਪਾਵਰਕੌਮ ਦੇ ਘਟੀਆ ਰਵੱਈਏ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ। ਸਰਕਲ ਪ੍ਰਧਾਨ ਚਮਕੌਰ ਸਿੰਘ, ਹਰਮੀਤ ਸਿੰਘ, ਅਵਤਾਰ ਸਿੰਘ, ਜਗਸੀਰ ਸਿੰਘ, ਟੇਕ ਚੰਦ, ਮਨਮੋਹਨ ਸਿੰਘ, ਜਸਵੀਰ ਸਿੰਘ, ਜਮੀਰ ਖਾਨ, ਇਕਬਾਲ ਸਿੰਘ ਨੇ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਨੇ ਚਾਰੇ ਸਰਕਲਾਂ ਅੰਦਰ ਪਹਿਲੀ ਨਵੰਬਰ ਤੋਂ ਵਰਕ ਆਰਡਰ ਜਾਰੀ ਨਹੀਂ ਕੀਤੇ, ਜਿਸ ਨਾਲ ਸੀਐੱਚਬੀ ਠੇਕਾ ਕਾਮਿਆਂ ਦੇ ਰੁਜ਼ਗਾਰ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪਾਵਰਕਾਮ ਸੀਐੱਚਬੀ ਠੇਕਾ ਕਾਮਿਆਂ ਨੂੰ ਨਿੱਜੀਕਰਨ ਦੇ ਹੱਲੇ ਤਹਿਤ ਭਰਤੀ ਕੀਤਾ ਗਿਆ ਪਰ ਉਨ੍ਹਾਂ ਕੋਲੋਂ 8 ਘੰਟੇ ਦੀ ਬਜਾਏ 12-12 ਘੰਟੇ ਕੰਮ ਲਿਆ ਗਿਆ। ਕੰਮ ਦੌਰਾਨ ਬਿਜਲੀ ਦਾ ਕੰਮ ਖ਼ਤਰਨਾਕ ਹੋਣ ਕਰਕੇ ਕਈ ਕਾਮੇ ਮੌਤ ਦੇ ਮੂੰਹ ’ਚ ਚਲੇ ਗਏ ਅਤੇ ਕਈ ਅਪੰਗ ਹੋ ਗਏ, ਜਿਨ੍ਹਾਂ ਦੇ ਪਰਿਵਾਰਾਂ ਨੂੰ ਨਾ ਤਾਂ ਕੋਈ ਮੁਆਵਜ਼ਾ ਮਿਲਿਆ ਅਤੇ ਨਾ ਹੀ ਕੋਈ ਨੌਕਰੀ ਦਾ ਪ੍ਰਬੰਧ ਕੀਤਾ ਗਿਆ ਸਗੋਂ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਨੇ ਵਰਕ ਆਰਡਰ ਜਾਰੀ ਨਾ ਕਰ ਕੇ ਸੀਐੱਚਬੀ ਠੇਕਾ ਕਾਮਿਆਂ ਦੇ ਰੁਜ਼ਗਾਰ ’ਤੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਹੈ।



ਧਰਨੇ ’ਚ ਸ਼ਾਮਲ ਪਾਵਰਕਾਮ ਦੇ ਮੁਲਾਜ਼ਮ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ।

**ਇਹ ਹਨ ਮੰਗਾਂ :** ਸੀਐੱਚਬੀ ਠੇਕਾ ਕਾਮਿਆਂ ਨੂੰ ਠੇਕੇਦਾਰਾਂ ਨੂੰ ਬਾਹਰ ਕੱਢ ਕੇ ਵਿਭਾਗ ’ਚ ਸਿੱਧਾ ਰੈਗੂਲਰ ਕੀਤਾ ਜਾਵੇ, ਛਾਂਟੀਆਂ ਪੱਕੇ ਤੌਰ ’ਤੇ ਰੱਦ ਕੀਤੀਆਂ ਜਾਣ, ਕੱਢੇ ਕਾਮੇ ਬਹਾਲ ਕੀਤੇ ਜਾਣ, ਸਤੰਬਰ ਮਹੀਨੇ ਦੀਆਂ ਰੁਕੀਆਂ ਤਨਖ਼ਾਹਾਂ ਤੁਰੰਤ ਜਾਰੀ ਕੀਤੀਆਂ ਜਾਣ, ਕਰੰਟ ਦੌਰਾਨ ਘਾਤਕ ਤੇ ਗ਼ੈਰ- ਘਾਤਕ ਹੋਏ ਹਾਦਸਿਆਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਤੇ ਮੁਆਵਜ਼ੇ ਦਾ ਪ੍ਰਬੰਧ ਕੀਤਾ ਜਾਵੇ।

## ਨਿਲਾਮੀ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ (ਪੰਜਾਬ) ਦੀਆਂ ਹੇਠ ਲਿਖੀਆਂ ਬੱਸਾਂ ਮਿਤੀ 06.11.2020 ਨੂੰ ਕਾਲਜ ਕੈਂਪਸ ਵਿੱਚ ਸਵੇਰੇ 10:00 ਵਜੇ ਨਿਲਾਮ ਕੀਤੀਆਂ ਜਾਣਗੀਆਂ। ਸ਼ਰਤਾਂ ਮੌਕੇ ’ਤੇ ਦੱਸੀਆਂ ਜਾਣਗੀਆਂ, ਅਦਾਇਗੀ ਨਕਦ/RTGS ਰਾਹੀਂ ਪ੍ਰਾਪਤ ਕੀਤੀ ਜਾਵੇਗੀ।

| | ਬੱਸ ਨੰ. | ਸੀਟਾਂ | ਕੰਪਨੀ | ਮਾਡਲ |
|---|---|---|---|---|
| 1. | PB02 AC 9902 | 52 | TATA | 2002 |
| 2. | PB02 AM 9438 | 32 | TATA | 2004 |
| 3. | PB02 AU 6767 | 32 | TATA | 2007 |
| 4. | PB46 F 9766 | 32 | TATA | 2008 |
| 5. | PB46 G 9872 | 42 | TATA | 2008 |
| 6. | PB46 H 9714 | 42 | TATA | 2009 |
| 7. | PB02 AL 9995 | 52 | TATA | 2004 |
| 8. | PB46 M 5136 | 42 | MOHINDRA | 2013 |
| 9. | PB46 M 5135 | 42 | MOHINDRA | 2013 |
| 10. | PB46 M 5137 | 42 | MOHINDRA | 2013 |

ਆਨਰੇਰੀ ਸਕੱਤਰ
ਜੀ.ਜੀ.ਐਸ. ਖਾਲਸਾ ਕਾਲਜ
ਸਰਹਾਲੀ, ਤਰਨਤਾਰਨ

# ‘ਕਿਸਾਨ ਅੰਦੋਲਨ ਨੂੰ ਕੀਤਾ ਜਾ ਰਿਹੈ ਬਦਨਾਮ’

**ਪੰਜਾਬੀ ਜਾਗਰਣ ਟੀਮ, ਜੰਡਿਆਲਾ ਗੁਰੂ :** 5 ਨਵੰਬਰ ਦੇ ਬੰਦ ਨੂੰ ਸਫਲ ਬਣਾਉਣ ਲਈ 42 ਥਾਵਾਂ ’ਤੇ ਜਾਮ ਲਾਉਣ ਦੀਆਂ 10 ਜ਼ਿਲ੍ਹਿਆਂ ਤੋਂ ਪਹੁੰਚੀਆਂ ਰਿਪੋਰਟਾਂ ਅਨੁਸਾਰ ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ, ਫਾਜ਼ਿਲਕਾ, ਜਲਾਲਾਬਾਦ, ਮੋਗਾ, ਗੁਰਦਾਸਪੁਰ, ਹਰਗੋਬਿੰਦਪੁਰ, ਜਲੰਧਰ, ਕਪੂਰਥਲਾ ਜ਼ਿਲ੍ਹਿਆਂ ’ਚ 12 ਤੋਂ 4 ਵਜੇ ਤਕ ਚੱਕਾ ਜਾਮ ਕਰ ਕੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਸੂਬਾਈ ਦਫ਼ਤਰ ਸਕੱਤਰ ਗੁਰਬਚਨ ਸਿੰਘ ਚੱਬਾ ਨੇ ਕਿਹਾ ਕਿ ਕਿਸਾਨਾਂ ਦਾ ਸੰਘਰਸ਼ ਖੇਤੀ ਕਾਨੂੰਨਾਂ ਦੇ ਰੱਦ ਹੋਣ ਤਕ ਜਾਰੀ ਰਹੇਗਾ।

**ਸੰਘਰਸ਼**

- **ਰੇਲ ਰੋਕੋ ਅੰਦੋਲਨ 41ਵੇਂ ਦਿਨ ਵੀ ਰਿਹਾ ਜਾਰੀ**
- **ਖੇਤੀ ਕਾਨੂੰਨ ਰੱਦ ਕਰਨ ਤਕ ਜਾਰੀ ਰਹੇਗਾ ਸੰਘਰਸ਼**

ਜੰਡਿਆਲਾ ਗੁਰੂ ਵਿਖੇ ਰੇਲ ਰੋਕੋ ਅੰਦੋਲਨ ਦੇ 41ਵੇਂ ਦਿਨ ਸੰਬੋਧਨ ਕਰਦਿਆਂ ਹਰਪ੍ਰੀਤ ਸਿੰਘ ਸਿੱਧਵਾਂ, ਇੰਦਰਜੀਤ ਸਿੰਘ ਕੱਲੀਵਾਲ, ਰਣਬੀਰ ਸਿੰਘ ਠੱਠਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਾਲ ਗੱਡੀਆਂ ਰੋਕ ਕੇ ਦੇਸ਼ਧ੍ਰੋਹੀ ਹੋਣ ਦਾ ਸਬੂਤ ਦਿੱਤਾ ਹੈ। ਇਹ ਦੇਸ਼ ਨੂੰ ਤੋੜਨ ਵਾਲੀ ਗੱਲ ਹੈ। ਪੰਜਾਬ ਦੀਆਂ ਲੋੜਾਂ ਨੂੰ ਕੇਂਦਰ ਵੱਲੋਂ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਤੇ ਕਿਸਾਨ-ਮਜ਼ਦੂਰ ਅੰਦੋਲਨ ਨੂੰ ਬਦਨਾਮ ਕੀਤਾ ਜਾ ਰਿਹਾ ਹੈ, ਜਦਕਿ ਰੇਲ ਟਰੈਕ ਮਾਲ ਗੱਡੀਆਂ ਲਈ ਪਹਿਲਾਂ ਹੀ ਖੁੱਲ੍ਹੇ ਹਨ। ਇਸ ਮੌਕੇ ਅਮਨਦੀਪ ਸਿੰਘ ਕੱਚਰਭੰਨ, ਬਲਵਿੰਦਰ ਸਿੰਘ ਲਹੁਕਾ, ਬਲਜਿੰਦਰ ਸਿੰਘ ਤਲਵੰਡੀ, ਅੰਗਰੇਜ਼ ਸਿੰਘ ਬੂਟੇਵਾਲਾ, ਗੁਰਦੇਵ ਸਿੰਘ, ਹਰਬੰਸ ਸਿੰਘ ਸ਼ਾਹਵਾਲ, ਸੁਰਿੰਦਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਰਾਜਘਾਟ ’ਤੇ ਧਰਨਾ ਕੈਪਟਨ ਦਾ ਡਰਾਮਾ : ਮਾਨ

**ਪੰਜਾਬੀ ਜਾਗਰਣ ਬਿਊਰੋ, ਚੰਡੀਗੜ੍ਹ :** ਭਗਵੰਤ ਮਾਨ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਦੀ ਬਜਾਏ ਰਾਜਘਾਟ ’ਤੇ ਧਰਨਾ ਦੇਣ ਨੂੰ ਡਰਾਮਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਲੇ ਕਾਨੂੰਨ ਰੱਦ ਕਰਨ, ਐੱਮਐੱਸਪੀ ’ਤੇ ਕਣਕ-ਝੋਨੇ ਸਮੇਤ ਸਾਰੀਆਂ ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਦਾ ਫ਼ੈਸਲਾ ਪ੍ਰਧਾਨ ਮੰਤਰੀ ਦੇ ਹੱਥ ’ਚ ਹੈ। ਫਿਰ ਪ੍ਰਧਾਨ ਮੰਤਰੀ ਨੂੰ ਮਿਲਣੀ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਇੱਧਰ-ਉੱਧਰ ਦੀ ਡਰਾਮੇਬਾਜ਼ੀ ਕਿਉਂ ਕਰ ਰਹੇ ਹਨ।

# ਮਾਣਹਾਨੀ ਦੇ ਮੁਕੱਦਮੇ ’ਚ ਸੁਖਬੀਰ ਨੂੰ ਭੇਜੇ ਸੰਮਨ

**ਜੇਐੱਨਐੱਨ, ਚੰਡੀਗੜ੍ਹ :** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ’ਤੇ ਚੱਲ ਰਹੇ ਮਾਣਹਾਨੀ ਮਾਮਲੇ ਵਿਚ ਹੁਣ ਜ਼ਿਲ੍ਹਾ ਅਦਾਲਤ ਨੇ ਉਨ੍ਹਾਂ ਨੂੰ ਦੁਬਾਰਾ ਸੰਮਨ ਕੀਤਾ ਹੈ। ਸੁਖਬੀਰ ’ਤੇ ਇਹ ਕੇਸ ‘ਅਖੰਡ ਕੀਰਤਨੀ ਜਥਾ’ ਤੇ ਉਸ ਦੇ ਬੁਲਾਰੇ ਨੂੰ ਅੱਤਵਾਦੀ ਜਥੇਬੰਦੀ ਬੱਬਰ ਖ਼ਾਲਸਾ ਦਾ ਸਿਆਸੀ ਚਿਹਰਾ ਦੱਸਣ ਬਾਰੇ ਦਿੱਤੀ ਸ਼ਿਕਾਇਤ ’ਤੇ ਦਰਜ ਹੋਇਆ ਸੀ ਤੇ ਹੁਣ ਜ਼ਿਲ੍ਹਾ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਇਸ ਵਰ੍ਹੇ 4 ਮਾਰਚ ਤੇ 18 ਮਾਰਚ ਨੂੰ ਸੰਮਨ ਜਾਰੀ ਕਰ ਕੇ ਸੁਖਬੀਰ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਸੀ। ਉਸ ਸਮੇਂ ਸੁਖਬੀਰ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ ਸਨ। ਫੇਰ ਕੋਰੋਨਾ ਲਾਗ ਫੈਲਣ ਕਰ ਕੇ ਸਿਰਫ਼ ਜ਼ਰੂਰੀ ਮੁਕੱਦਮਿਆਂ ਦੀ ਸੁਣਵਾਈ ਕੀਤੀ ਗਈ। ਹੁਣ ਅਦਾਲਤ ਨੇ ਸੁਖਬੀਰ ਬਾਦਲ ਦੇ ਚੰਡੀਗੜ੍ਹ ਸੈਕਟਰ-9 ਸਥਿਤ ਘਰ, ਜਿਸ ਦਾ ਪਤਾ ਘਰ ਨੰਬਰ 256 ਹੈ, ਉੱਤੇ ਸੰਮਨ ਭੇਜਿਆ ਹੈ।



ਦੱਸਣਯੋਗ ਹੈ ਕਿ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਤਕ ਇਸ ਮੁਕੱਦਮੇ ਦੀ ਸੁਣਵਾਈ ਜੇਐੱਮਆਈਸੀ ਜੱਜ ਗੀਤਾਂਜਲੀ ਗੋਇਲ ਦੀ ਅਦਾਲਤ ਵਿਚ ਚੱਲ ਰਹੀ ਸੀ ਪਰ 12 ਅਕਤੂਬਰ ਤੋਂ ਮੁਕੱਦਮੇ ਦੀ ਸੁਣਵਾਈ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਤੇਜਪ੍ਰਤਾਪ ਸਿੰਘ ਰੰਧਾਵਾ ਦੀ ਅਦਾਲਤ ਵਿਚ ਹੋ ਰਹੀ ਹੈ।

**ਸ਼ਿਕਾਇਤਕਰਤਾ ਨੂੰ ਕੋਰੋਨਾ, ਪੇਸ਼ੀ ਲਈ ਮੰਗਿਆ ਵਕਤ**

ਅਦਾਲਤ ਨੇ ਇਸ ਕੇਸ ਵਿਚ ਸ਼ਿਕਾਇਤ ਕਰਤਾ ਨੂੰ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਸੀ ਪਰ ਮੰਗਲਵਾਰ ਨੂੰ ਉਹ ਪੇਸ਼ ਨਹੀਂ ਹੋਏ। ਸ਼ਿਕਾਇਤ ਕਰਤਾ ਦੇ ਵਕੀਲ ਨੇ ਦੱਸਿਆ ਕਿ ਇਸ ਲਈ ਉਨ੍ਹਾਂ ਨੇ ਅਦਾਲਤ ਵਿਚ ਸ਼ਿਕਾਇਤ ਕਰਤਾ ਦਾ ਮੈਡੀਕਲ ਸਰਟੀਫਿਕੇਟ ਦਿੱਤਾ ਹੈ। ਉਨ੍ਹਾਂ ਦਾ ਮੁਵੱਕਲ ਕੋਰੋਨਾ ਪਾਜ਼ੇਟਿਵ ਹੋਣ ਦੀ ਵਜ੍ਹਾ ਨਾਲ ਸੁਹਾਣਾ ਸਥਿਤ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਇਸ ਲਈ ਅਦਾਲਤ ਤੋਂ ਹੋਰ ਸਮਾਂ ਮੰਗਿਆ ਹੈ। ਉਥੇ ਅਦਾਲਤ ਨੇ ਮਾਮਲੇ ਦੀ ਸੁਣਵਾਈ 17 ਨਵੰਬਰ ਤੈਅ ਕਰ ਦਿੱਤੀ ਹੈ।

## ਮੋਲਿੰਦ ਇੰਜੀਨੀਅਰਿੰਗ ਲਿਮਟਿਡ

ਏ-7, ਫੇਜ-3, ਇੰਡਸਟ੍ਰੀਅਲ ਅਸਟੇਟ, ਐਸ.ਏ.ਐਸ. ਨਗਰ, ਮੋਹਾਲੀ-160055, ਪੰਜਾਬ।
ਫੋਨ : 0172-2225628, CIN: L29199PB1960PLC008893
ਵੈੱਬਸਾਈਟ : www.molindengineering.co.in ਈ-ਮੇਲ : moielmhl@gmail.com

**ਸੂਚਨਾ**

ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਐੱਸਈਬੀਆਈ (ਲਿਸਟਿੰਗ ਓਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ 29, 33 ਅਤੇ 47 ਦੇ ਸੰਬਧ ਵਿਚ ਕੰਪਨੀ ਦੇ ਨਿਰਦੇਸ਼ਕਾਂ ਦੇ ਬੋਰਡ ਦੀ ਮੀਟਿੰਗ ਦਿਨ ਵੀਰਵਾਰ, ਮਿਤੀ 12 ਨਵੰਬਰ, 2020 ਨੂੰ ਸ਼ਾਮ 04.30 ਵਜੇ ਕੰਪਨੀ ਦੇ ਰਜਿਸਟਰਡ ਦਫ਼ਤਰ ਵਿਖੇ ਮਿਤੀ 30 ਸਤੰਬਰ, 2020 ਨੂੰ ਖਤਮ ਹੋਈ ਤਿਮਾਹੀ ਅਤੇ ਅਰਧ ਸਾਲ ਲਈ ਅਸਾਸਿਆਂ ਅਤੇ ਦੇਣਦਾਰੀਆਂ ਦੀ ਸਟੇਟਮੈਂਟ, ਕੈਸ਼ ਫਲੋਅ ਸਟੇਟਮੈਂਟ ਅਤੇ ਲਿਮਟਿਡ ਰਿਵਿਊ ਰਿਪੋਰਟ ਸਹਿਤ ਅਣਆਡਿਟਿਡ ਵਿੱਤੀ ਨਤੀਜੇ ਨੂੰ ਨਿਰੰਤਰ ਵਿਚਾਰਨ, ਪ੍ਰਵਾਨ ਕਰਨ ਅਤੇ ਰਿਕਾਰਡ ਉੱਪਰ ਚਾੜ੍ਹਣ ਦੇ ਲਈ ਹੋਵੇਗੀ।

ਦਰਸਾਇਆ ਗਿਆ ਨੋਟਿਸ ਕੰਪਨੀ ਦੀ ਵੈੱਬਸਾਈਟ www.molindengineering.co.in ਉੱਪਰ ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ www.msei.in ਉੱਪਰ ਵੀ ਉਪਲਬੱਧ ਹੈ।

ਵਾਸਤੇ ਮੋਲਿੰਦ ਇੰਜੀਨੀਅਰਿੰਗ ਲਿਮਟਿਡ
ਸਹੀ/-
ਭੁਪਿੰਦਰ ਸਿੰਘ
ਮੈਨੇਜਿੰਗ ਡਾਇਰੈਕਟਰ
ਡੀਆਈਐੱਨ : 00176255

ਮਿਤੀ : 03.11.2020
ਸਥਾਨ : ਮੋਹਾਲੀ (ਪੰਜਾਬ)

# ਕੈਪਟਨ ਦੀ ਰੈਲੀ ’ਚ ਗੋਲ਼ੀ ਚਲਾਉਣ ਵਾਲੇ ਕਾਬੂ

**ਜੋਤੀ ਸਿੰਗਲਾ, ਮੋਹਾਲੀ**

ਪਟਿਆਲਾ ’ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰੈਲੀ ’ਚ ਗੋਲ਼ੀ ਚਲਾਉਣ ਵਾਲੇ ਦੋ ਮੁਲਜ਼ਮਾਂ ਸਮੇਤ ਉਨ੍ਹਾਂ ਦੀ ਗੈਂਗ ’ਚ ਸ਼ਾਮਲ 4 ਜਣਿਆਂ ਨੂੰ ਸੀਆਈਏ ਪੁਲਿਸ ਨੇ ਖਰੜ ਸਥਿਤ ਸੰਨੀ ਇਨਕਲੇਵ ਤੋਂ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ’ਚ ਇਕ ਨਾਬਾਲਿਗ ਵੀ ਸ਼ਾਮਲ ਹੈ। ਹਥਿਆਰਾਂ ਨਾਲ ਲੈਸ ਉਕਤ ਮੁਲਜ਼ਮ ਸ਼ਹਿਰ ’ਚ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ’ਚ ਸਨ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਹਰਵਿੰਦਰ ਸਿੰਘ ਉਰਫ਼ ਜੋਈ ਵਾਸੀ ਪਟਿਆਲਾ, ਸ਼ੁਭਮ ਉਰਫ਼ ਬਿੱਲੂ ਵਾਸੀ ਡੱਡੂ ਮਾਜਰਾ, ਹਿਤੇਸ਼ ਉਰਫ਼ ਭੋਲੂ ਵਾਸੀ ਜਗਦੀਸ਼ਪੁਰਾ, ਅਨਮੋਲ ਵਾਸੀ ਸੋਨੀਪਤ, ਅਭਿਨਵ ਵਾਸੀ ਸੋਨੀਪਤ ਵਜੋਂ ਹੋਈ ਹੈ। ਮੁਲਜ਼ਮਾਂ ਖ਼ਿਲਾਫ਼ ਥਾਣਾ ਸਦਰ ਖਰੜ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮਾਂ ਨੂੰ ਅਦਾਲਤ ’ਚ ਪੇਸ਼ ਕਰ ਕੇ ਉਨ੍ਹਾਂ ਦਾ ਤਿੰਨ ਦਿਨਾ ਰਿਮਾਂਡ ਹਾਸਲ ਕੀਤਾ ਗਿਆ ਹੈ।

ਜਾਣਕਾਰੀ ਦਿੰਦੇ ਹੋਏ ਮੋਹਾਲੀ ਐੱਸਪੀ ਇਨਵੈਸਟੀਗੇਸ਼ਨ ਹਰਮਨਦੀਪ ਸਿੰਘ ਹੰਸ (ਆਈਪੀਐੱਸ) ਨੇ ਦੱਸਿਆ ਕਿ ਸੋਮਵਾਰ ਨੂੰ ਸੀਆਈਏ ਸਟਾਫ਼ ਮੋਹਾਲੀ ਅਤੇ ਮੋਹਾਲੀ ਪੁਲਿਸ ਪਾਰਟੀ ਵੱਲੋਂ ਸੰਨੀ ਇਨਕਲੇਵ ਖਰੜ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਜਦ ਚਿੱਟੇ ਰੰਗ ਦੀ ਸਕਾਰਪੀਓ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ’ਚ ਸਵਾਰ ਉਕਤ ਮੁਲਜ਼ਮਾਂ ਕੋਲੋਂ ਦੋ 32 ਬੋਰ ਦੇ ਪਿਸਤੌਲ ਅਤੇ 7 ਕਾਰਤੂਸ, ਇਕ ਦੇਸੀ ਕੱਟਾ 315 ਬੋਰ, ਦਾਤ ਤੇ ਤਲਵਾਰ ਬਰਾਮਦ ਕੀਤੀ ਗਈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਲਾਰੈਂਸ ਬਿਸਨੋਈ ਗਿਰੋਹ ਦੇ ਮੈਂਬਰ ਦੱਸੇ ਜਾ ਰਹੇ ਹਨ ਕਿਉਂਕਿ ਜਿਸ ਵਿਅਕਤੀ ਨੂੰ ਮੁਲਜ਼ਮਾਂ ਵੱਲੋਂ ਹਿਰਾਸਤ ’ਚੋਂ ਭਜਾਉਣ ਦੀ ਸਾਜਿਸ਼ ਰਚੀ ਜਾ ਰਹੀ ਸੀ, ਉਹ ਮਨਜੀਤ ਸਿੰਘ ਬਿਸ਼ਨੋਈ ਗੈਂਗ ਦਾ ਸਰਗਰਮ ਮੈਂਬਰ ਹੈ। ਮੁਲਜ਼ਮ ਸ਼ੁਭਮ ਉਰਫ਼ ਬਿੱਲੂ ਨੇ 19 ਅਕਤੂਬਰ ਨੂੰ ਸੈਕਟਰ-25 ਚੰਡੀਗੜ੍ਹ ’ਚ ਵਿਜੇ ਨਾਂ ਦੇ ਸਾਥੀ ਨਾਲ ਮਿਲ ਕੇ ਫਾਇਰਿੰਗ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ।



ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਐੱਸਪੀ ਹਰਮਨਦੀਪ ਸਿੰਘ ਹੰਸ।

**ਬਣਾ ਰਹੇ ਸਨ ਬੈਂਕ ਲੁੱਟਣ ਦੀ ਯੋਜਨਾ**

ਪੁੱਛਗਿੱਛ ’ਚ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਮੁਲਜ਼ਮ ਬੈਂਕ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਸਨ। ਉਹ ਪਹਿਲਾਂ ਵੀ ਕਈ ਅਪਰਾਧਕ ਘਟਨਾਵਾਂ ਨੂੰ ਅੰਜਾਮ ਦੇ ਚੁੱਕੇ ਹਨ ਤੇ ਇਨ੍ਹਾਂ ਖ਼ਿਲਾਫ਼ ਵੱਖ-ਵੱਖ ਥਾਣਿਆਂ ’ਚ ਕਈ ਮਾਮਲੇ ਦਰਜ ਹਨ। ਇਨ੍ਹਾਂ ਮੁੱਖ ਮਕਸਦ ਮਨਜੀਤ ਸਿੰਘ ਨੂੰ ਪੁਲਿਸ ਹਿਰਾਸਤ ’ਚੋਂ ਭਜਾਉਣਾ ਸੀ, ਜੋ ਕਿ ਸੋਨੂੰ ਸ਼ਾਹ ਕਤਲ ਕੇਸ ’ਚ ਬੁੜੈਲ ਜੇਲ੍ਹ ਚੰਡੀਗੜ੍ਹ ’ਚ ਬੰਦ ਹੈ। ਉਕਤ ਮੁਲਜ਼ਮ ਗੈਂਗਸਟਰ ਲਾਰੈਂਸ ਬਿਸ਼ਨੋਈ ਗਿਰੋਹ ਦਾ ਸਰਗਰਮ ਮੈਂਬਰ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਕੋਲੋਂ ਪੁੱਛਗਿੱਛ ’ਚ ਤਿੰਨ ਹੋਰ ਵਿਅਕਤੀਆਂ ਦੇ ਨਾਮ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਹਾਈ ਕੋਰਟ ਵੱਲੋਂ ਜਲੰਧਰ ਦੇ ਪੁਲਿਸ ਕਮਿਸ਼ਨਰ ਤਲਬ

**ਜੇਐੱਨਐੱਨ, ਚੰਡੀਗੜ੍ਹ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਨ ਦੇ ਮਾਮਲੇ ’ਚ ਮੁਲਜ਼ਮ ਨੂੰ ਇਕ ਸਾਲ ਤੋਂ ਗ੍ਰਿਫ਼ਤਾਰ ਨਾ ਕਰਨ ’ਤੇ ਸਖ਼ਤ ਰੁਖ਼ ਅਪਣਾਇਆ ਹੈ। ਹਾਈ ਕੋਰਟ ਨੇ ਜਲੰਧਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਤੋਂ ਪੁੱਛਿਆ ਹੈ ਕਿ ਆਖ਼ਰ ਕਿਉਂ ਗ਼ੈਰ-ਜ਼ਮਾਨਤੀ ਅਪਰਾਧ ਦਾ ਮੁਲਜ਼ਮ ਐੱਫਆਈਆਰ ਤੋਂ ਇਕ ਸਾਲ ਬਾਅਦ ਤਕ ਖੁੱਲ੍ਹਾ ਘੁੰਮ ਰਿਹਾ ਹੈ? ਇਸ ਮਾਮਲੇ ’ਚ ਪਟੀਸ਼ਨ ਦਾਖ਼ਲ ਕਰਦਿਆਂ ਜੈਵੀਰ ਸਿੰਘ ਨੇ 28 ਨਵੰਬਰ 2019 ਨੂੰ ਜਲੰਧਰ ’ਚ ਦਰਜ ਐੱਫਆਈਆਰ ’ਚ ਜ਼ਮਾਨਤ ਦਿੱਤੇ ਜਾਣ ਦੀ ਮੰਗ ਕੀਤੀ ਸੀ। ਸ਼ਿਕਾਇਤ ਅਨੁਸਾਰ ਪਟੀਸ਼ਨਕਰਤਾ ਨੇ ਆਪਣੇ ਸਾਥੀਆਂ ਨਾਲ ਬਲਦੇਵ ਸਿੰਘ ਦੀ ਦੁਕਾਨ ’ਚ ਦਾਖ਼ਲ ਹੋ ਕੇ ਉਸ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਸੀ। ਹਾਈ ਕੋਰਟ ਨੇ ਪਟੀਸ਼ਨ ’ਤੇ ਹੈਰਾਨੀ ਪ੍ਰਗਟਾਉਂਦਿਆਂ ਕਿਹਾ ਕਿ ਇਹ ਉਸ ਦੀ ਤੀਜੀ ਪਟੀਸ਼ਨ ਹੈ। ਹਾਈ ਕੋਰਟ ਨੇ ਹੈਰਾਨੀ ਪ੍ਰਗਟਾਈ ਕਿ ਅਗਾਊਂ ਜ਼ਮਾਨਤ ਦੀ ਪਟੀਸ਼ਨ ਦੋ ਵਾਰ ਖਾਰਜ ਹੋਣ ਦੇ ਬਾਵਜੂਦ ਪਟੀਸ਼ਨਕਰਤਾ ਖੁੱਲ੍ਹੇਆਮ ਘੁੰਮ ਰਿਹਾ ਹੈ। ਸੀਪੀ ਇਹ ਦੱਸਣ ਕਿ ਮੁਲਜ਼ਮ ਨੂੰ ਹਾਲੇ ਤਕ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ।

**ਖੁੱਲ੍ਹਦੀਆਂ ਪਰਤਾਂ** ਪੀਯੂ ਦੇ ਐਂਥ੍ਰੋਪੋਲੌਜੀ ਵਿਭਾਗ ਦੀ ਰਿਪੋਰਟ ਕਾਰਨ ਹਲਚਲ

# ਗੁਰਦੁਆਰੇ ਹੇਠ ਦੱਬੀਆਂ ਸਨ ਸ਼ਹੀਦਾਂ ਦੀਆਂ ਦੇਹਾਂ

**ਜੇਐੱਨਐੱਨ, ਚੰਡੀਗੜ੍ਹ :** 1857 ਦੀ ਬਗ਼ਾਵਤ ਦੇ 163 ਵਰ੍ਹਿਆਂ ਮਗਰੋਂ ਖ਼ੁਲਾਸਾ ਹੋਇਆ ਹੈ ਕਿ ਪੰਜਾਬ ਦੇ ਅਜਨਾਲਾ ਵਿਚ ਦੱਬੇ ਹੋਏ ਪਿੰਜਰ ਉਸੇ ਵਿਦਰੋਹ ਦੇ ਸ਼ਹੀਦਾਂ ਦੇ ਹਨ। ਇਹ ਖ਼ੁਲਾਸਾ ਪੰਜਾਬ ਯੂਨੀਵਰਸਿਟੀ ਦੇ ਐਂਥ੍ਰੋਪੋਲੋਜੀ ਵਿਭਾਗ ਦੇ ਡਾ. ਜੇਐੱਸ ਸਹਿਰਾਵਤ ਦੀ ਰਿਪੋਰਟ ਵਿਚ ਹੋਇਆ ਹੈ। ਪਹਿਲਾਂ ਇਸ ਗੱਲ ਦਾ ਵਿਗਿਆਨਕ ਅਧਾਰ ਮੌਜੂਦ ਨਹੀਂ ਸੀ ਪਰ ਡਾ. ਸਹਿਰਾਵਤ ਦੀ ਰਿਪੋਰਟ ਮਗਰੋਂ ਵਿਗਿਆਨਕ ਪੱਖ ਤੋਂ ਇਸ ਤੱਥ ਦੀ ਪੁਸ਼ਟੀ ਹੋ ਗਈ ਹੈ। ਇਨ੍ਹਾਂ ਪਿੰਜਰਾਂ ਦੀ ਸ਼ਨਾਖ਼ਤ ਕਰਨ ਲਈ ਪੂਰੇ ਛੇ ਵਰ੍ਹਿਆਂ ਦਾ ਅਰਸਾ ਲੱਗਿਆ ਹੈ। ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਇਨ੍ਹਾਂ ਸ਼ਹੀਦਾਂ ਦੇ ਸਿਰ ’ਤੇ ਵਾਰ ਕੀਤੇ ਗਏ ਸਨ ਜਿਸ ਮਗਰੋਂ ਉਨ੍ਹਾਂ ਦੀ ਮੌਤ ਹੋਈ ਸੀ। ਖੋਜ ਵਿਚ ਸਾਹਮਣੇ ਆਇਆ ਹੈ ਕਿ ਇਹ ਪਿੰਜਰ 26ਵੀਂ ਮੂਲ ਬੰਗਾਲ ਇੰਫੈਂਟਰੀ ਬਟਾਲੀਅਨ ਦੇ ਫ਼ੌਜੀਆਂ ਦੇ ਹਨ। ਇਹ ਸਾਰੇ ਪੱਛਮੀ ਬੰਗਾਲ, ਬਿਹਾਰ, ਓਡਿਸ਼ਾ, ਅਵਧ ਸੂਬਿਆਂ ਦੇ ਸਨ। ਸਹਿਰਾਵਤ ਨੇ ਦੱਸਿਆ ਕਿ ਖੋਜ ਦੌਰਾਨ ਕਈ ਤੱਥ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਇਕੱਤਰ ਕਰ ਕੇ ਇਹ ਆਖਿਆ ਜਾ ਸਕਦਾ ਹੈ ਕਿ ਇਹ ਪਿੰਜਰ 1857 ਦੀ ਬਗ਼ਾਵਤ ਵੇਲੇ ਦੇ ਹਨ।

**ਹਿੰਦੂ-ਮੁਸਲਿਮ ਦੰਗਿਆਂ ਨਾਲ ਜੋੜੇ ਜਾ ਰਹੇ ਸਨ ਪਿੰਜਰ :** ਸਹਿਰਾਵਤ ਨੇ ਦੱਸਿਆ ਕਿ ਇਨ੍ਹਾਂ ਪਿੰਜਰਾਂ ਨੂੰ ਲੈ ਕੇ ਵੱਖ ਵੱਖ ਤਰ੍ਹਾਂ ਦੀਆਂ ਅਫ਼ਵਾਹਾਂ ਫੈਲੀਆਂ ਸਨ। ਕਈ ਜਣੇ ਆਖਦੇ ਸਨ ਕਿ ਇਹ ਪਿੰਜਰ ਅਗਸਤ 1947 ਦੇ ਹਿੰਦੂ-ਮੁਸਲਿਮ ਟਕਰਾਅ ਤੇ ਸੰਘਰਸ਼ਾਂ ਦੇ ਪੀੜਤਾਂ ਦੇ ਹੋ ਸਕਦੇ ਹਨ ਜਦਕਿ ਇਸ ਰਿਪੋਰਟ ਨੇ ਨਵੇਂ ਤੱਥ ਰੌਸ਼ਨੀ ਵਿਚ ਲਿਆਂਦੇ ਹਨ।

**ਮੀਰ ਕੈਂਟ ਵਿਦਰੋਹ ਵੇਲੇ ਅੰਗਰੇਜ਼ਾਂ ਨੇ ਕਰਵਾਏ ਸਨ ਇਹ ਕਤਲ**

ਡਾ. ਸਹਿਰਾਵਤ ਨੇ ਦੱਸਿਆ ਕਿ ਉਸ ਵੇਲੇ ਮੀਰ ਕੈਂਟ ਵਿਚ ਅਜ਼ਾਦੀ ਲਈ ਵਿਦਰੋਹ ਹੋਇਆ ਸੀ। ਉਸ ਵਿਚ 26ਵੀਂ ਮੂਲ ਬੰਗਾਲ ਬਟਾਲੀਅਨ ਦੇ ਫ਼ੌਜੀਆਂ ਨੇ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ, ਇਸ ਦਾ ਬਦਲਾ ਲੈਣ ਲਈ ਅੰਗਰੇਜ਼ ਹਾਕਮਾਂ ਨੇ 282 ਫ਼ੌਜੀਆਂ ਦਾ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅਜਨਾਲਾ ਵਿਚ ਕਾਲਿਆਂਵਾਲਾ ਖੂਹ ਵਿਚ ਪਾ ਕੇ ਮਿੱਟੀ ਪਾ ਕੇ ਦੱਬ ਦਿੱਤਾ ਸੀ। ਉਸ ਮਗਰੋਂ ਉਸ ਖੂਹ ’ਤੇ ਗੁਰਦੁਆਰਾ ਬਣਾ ਦਿੱਤਾ ਗਿਆ ਤਾਂ ਜੋ ਇਸ ਬਾਰੇ ਭੇਤ ਨਾ ਖੁੱਲ੍ਹ ਸਕਣ।

**‘ਕ੍ਰਾਈਸਿਸ ਇਨ ਪੰਜਾਬ’ ’ਚ ਹੋਇਆ ਖ਼ੁਲਾਸਾ**

ਇਸ ਤੱਥ ਦਾ ਜ਼ਿਕਰ ਅੰਗਰੇਜ਼ ਲੇਖਕ ਹੈਨਰੀ ਕੂਪਰ ਨੇ ਆਪਣੀ ਕਿਤਾਬ ‘ਕ੍ਰਾਈਸਿਸ ਇਨ ਪੰਜਾਬ : ਫ੍ਰਾਮ 10 ਮਈ ਅਨਟਿਲ ਫਾਲ ਆਫ ਦਿੱਲੀ’ ਵਿਚ ਕੀਤਾ ਹੈ। ਇਸ ਮਗਰੋਂ ਪਹਿਲਾਂ ਗੁਰਦੁਆਰੇ ਨੂੰ ਨਵੀਂ ਥਾਂ ’ਤੇ ਉਸਾਰਿਆ ਗਿਆ, ਫਿਰ ਖੂਹ ਦੀ ਖੁਦਾਈ ਕੀਤੀ ਗਈ। ਖੁਦਾਈ ਦੌਰਾਨ ਉਥੋਂ 282 ਪਿੰਜਰ ਮਿਲੇ ਸਨ, ਉਦੋਂ ਪੰਜਾਬ ਸਰਕਾਰ ਨੇ ਇਨ੍ਹਾਂ ਸਾਰੇ ਪਿੰਜਰਾਂ ਨੂੰ ਪੀਯੂ ਐਂਥ੍ਰੋਪੋਲੋਜੀ ਵਿਭਾਗ ਨੂੰ ਸੌਂਪਿਆ ਸੀ।

ਇਸ ਮਗਰੋਂ ਡਾ. ਸਹਿਰਾਵਤ ਨੇ ਦੱਸਿਆ ਕਿ ਪਿੰਜਰਾਂ ਦੇ ਦੰਦਾਂ ਬਾਰੇ ਖੋਜ ਵਿਚ ਸਾਹਮਣੇ ਆਇਆ ਕਿ ਜਿਹੜੇ ਫ਼ੌਜੀ ਸ਼ਹੀਦ ਹੋਏ ਸਨ, ਉਨ੍ਹਾਂ ਦੀ ਉਮਰ 20 ਵਰ੍ਹਿਆਂ ਤੋਂ ਵੱਧ ਸੀ। ਲੰਘੇ 163 ਵਰ੍ਹਿਆਂ ਵਿਚ ਡੀਐੱਨਏ ਰਚਨਾ ਵਿਚ ਕੋਈ ਤਬਦੀਲੀ ਨਹੀਂ ਵਾਪਰੀ ਹੈ। ਕਿਸੇ ਹੋਰ ਭਾਰਤੀ ਯੂਨੀਵਰਸਿਟੀ/ਅਦਾਰੇ ਵਿਚ ਇੰਨੀ ਵੱਡੀ ਸਤ੍ਹਾ ’ਤੇ ਪਿੰਜਰਾਂ ਬਾਰੇ ਕੋਈ ਖੋਜ ਕਾਰਜ ਨਹੀਂ ਹੋਇਆ ਹੈ।

**PUBLIC NOTICE**

**TRANSFER OF INDUSTRIAL PLOT NO. C-187, PHASE-VI, FOCAL POINT, LUDHIANA.**

It is hereby notified for the information of general public and all concerned that Sh. Kuldeep Singh S/o. Sh. Gurbachan Singh & Sh. Harmeet Singh S/o. Sh. Mehtab Singh Partners of M/s. Guru Nanak Tyres allottee of Plot No. C-187, Phase-VI, Focal Point, Ludhiana has approched the PSIEC for transfer of said industrial plot after retirement of one partner Sh. S.K. Goel from the allottee firm M/s. Guru Nanak Tyres. The matter regarding transfer of plot is under consideration of PSIEC.

Whereas, allottee firm M/s. Guru Nanak Tyres has intimated that Sh. S.K. Goel retired from firm by virtue of dissolution deed dated 22.2.1994 & whereabout of retired partner is not known & locatable. Sh. Kuldeep Singh S/o. Sh. Gurbachan Singh & Sh. Harmeet Singh S/o. Sh. Mehtab Singh have submitted an affidavit duly attested by Notary Public declaring that the deponent(s), his/their property/persons, their legal heirs and successors shall be responsible to make good the loss if any suffered by PSIEC by allowing the transfer of plot and in case any person shall make any claim regarding this plot, the litigation of the same shall be defended by the executants at their risk and cost without involving the PSIEC.

Whereas Sh. Kuldeep Singh S/o. Sh. Gurbachan Singh & Sh. Harmeet Singh S/o. Sh. Mehtab Singh has submitted a copy of partnership deed dated 3.1.1986 and 23.2.1994 along with retirement deed dated 22.2.1994. They have also submitted documents i.e. affidavit, indemnity bond and affidavit of proposed transferee etc for transfer of said industrial plot in favour of **Sh. Kuldeep Singh S/o. Sh. Gurbachan Singh.**

Whereas Sh. Surinder Kumar Goel S/o. Sh. Ram Parkash Goel partner of M/s. Guru Nanak Tyres was requested vide registered letter no. PSIEC/Estate/12912 dated 9.9.2020 to confirm the factum of execution of dissolution deed dated 22.2.1994 and his retirement from the firm. He was also requested to submit no objection certificate for transfer of Plot No .C-187, Phase-VI, Focal Point, Ludhiana in favour of **Sh. Kuldeep Singh S/o. Sh. Gurbachan Singh** on the basis of dissolution deed dated 22.2.1994. The said registered letter was received back undelivered from Postal Authority with remarks that no such person on this address.

In case, anybody has any objection regarding claim/right/interest on the above change, he/she/they may submit objection, if any, in writting to the undersigned within 15 days of the publication of this notice failing which transfer of the above Industrial Plot No. C-187, Phase-VI, Industrial Focal Point, Ludhiana in favour of above claimant i.e. **Sh. Kuldeep Singh S/o. Sh. Gurbachan Singh** will be allowed. No claim/objections shall be entertained received after the expiry of 15 days of the publication.

**Managing Director**
**Punjab Small Industries & Export Corporation Limited**
**Udyog Bhawan, Sector-17, Chandigarh**

